**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸੁਖਵਿੰਦਰ ਸਿੰਘ 9464394601
ਪਿੰਡ ਇਸਾਪੋਰ ਲੰਡਾ ਤਹਿਸੀਲ ਧੁਰੀ ਜ਼ਿਲ੍ਹਾ ਸੰਗਰੂਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਬੀ.ਡੀ.ਪੀ.ਓ. ਸ਼ੇਰਪੁਰ, ਜ਼ਿਲ੍ਹਾ ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡੀ.ਡੀ.ਪੀ.ਓ. ਸੰਗਰੂਰ। ------ਉੱਤਰਦਾਤਾ

**ਅਪੀਲ ਕੇਸ ਨੰ:1953 ਆਫ 2018**

**ਹਾਜ਼ਰ:**

1. ਅਪੀਲਕਰਤਾ ਸ੍ਰੀ ਸੁਖਵਿੰਦਰ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਤਰਸੇਮ ਸਿੰਘ, ਬੀ.ਡੀ.ਪੀ.ਓ.,ਸ਼ੇਰਪੁਰ(9872151254)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 2-8-2017, ਲੋਕ ਸੂਚਨਾ ਅਧਿਕਾਰੀ ਬੀ.ਡੀ.ਪੀ.ਓ. ਸ਼ੇਰਪੁਰ, ਜ਼ਿਲ੍ਹਾ ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਓਰੀਐਂਟਲ ਬੈਂਕ ਸ਼ੇਰਪੁਰ ਦੇ ਦੋ ਚੈਕ ਕੱਟੇ ਗਏ ਸਨ ਨਾਲ ਸਬੰਧਤ 11 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 04-12-2017 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 06-06-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਸੁਖਵਿੰਦਰ ਸਿੰਘ, ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਸੂਚਨਾ ਅਜੇ ਤੱਕ ਮੁੱਹਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਤਰਸੇਮ ਸਿੰਘ, ਬੀ.ਡੀ.ਪੀ.ਓ.,ਸ਼ੇਰਪੁਰ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਅਪੀਲਕਰਤਾ ਨੂੰ ਬਣਦੇ ਹਰਜਾਨੇ ਦੀ ਰਕਮ ਅਤੇ ਜੁਰਮਾਨੇ ਦੀ ਰਕਮ ਅਦਾ ਕਰਕੇ ਡਰਾਫਟ ਅਤੇ ਚਲਾਨ ਦੀ ਕਾਪੀ ਪੇਸ਼ੀ ਦੋਰਾਨ ਪੇਸ਼ ਕੀਤੀ ਗਈ ਜ਼ੋ ਮਿਸਲ ਤੇ ਰੱਖ ਲਈ ਗਈ ਹੈ। ਉਨ੍ਹਾਂ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਵੀ ਲਿਆਂਦੀ ਗਈ ਹੈ।

4. ਇਹ ਕੇਸ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਪਾਸ ਚਲਦਾ ਸੀ ਉਨ੍ਹਾਂ ਵਲੌਂ ਅਗਲੀ ਮਿਤੀ ਤੇ ਹੁਕੱਮਾਂ ਦੀ ਪਾਲਣਾ ਕਰਨ ਲਈ ਆਦੇਸ਼ ਦਿੱਤੇ ਗਏ ਸਨ। ਉਨ੍ਹਾਂ ਵਲੋਂ ਪਿਛਲੇ ਹੁਕੱਮਾਂ ਵਿਚ ਉੱਤਰਦਾਤਾ ਨੂੰ ਰੁ: 3000/- ਅਤੇ ਰੁ: 15000/- ਜੁਰਮਾਨਾ ਅਤੇ ਹਰਜਾਨਾ ਪਾਉਂਦੇ ਹੋਏ ਸੂਚਨਾ ਦੇਣ ਲਈ ਹਦਾਇਤ ਕੀਤੀ ਗਈ ਸੀ। ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਦਸੇ ਅਨੁਸਾਰ ਉਨ੍ਹਾਂ ਵਲੋਂ ਅਪੀਲਕਰਤਾ ਨੂੰ ਰੁ: 3000/- ਦਾ ਡਰਾਫਟ ਦੇ ਦਿੱਤਾ ਗਿਆ ਹੈ, ਜਿਸ ਦੀ ਪੁਸ਼ਟੀ ਕਰਦੇ ਹੋਏ ਅਪੀਲਕਰਤਾ ਵਲੋਂ ਦਸਿਆ ਗਿਆ ਕਿ ਉਸਨੂੰ ਹਰਜਾਨੇ ਦੀ ਰਕਮ ਰੁ: 3000/- ਦਾ ਡਰਾਫਟ ਪ੍ਰਾਪਤ ਹੋ ਚੁੱਕਾ ਹੈ, ਇਸ ਦੇ ਨਾਲ ਹੀ ਉੱਤਰਦਾਤਾ ਵਲੋਂ ਮੰਗੀ ਗਈ ਸੂਚਨਾ ਲਿਆਂਦੀ ਗਈ ਸੀ। ਜਿਸਦੀ ਕਾਪੀ ਅਪੀਲਕਰਤਾ ਨੂੰ ਦੇਣ ਲਈ ਕਿਹਾ ਗਿਆ ਪਰ ਕਾਪੀ ਉਪਲਬਧ ਨਾ ਹੋਣ ਕਾਰਨ ਨਾ ਤਾਂ ਅਪੀਲਕਰਤਾ ਨੂੰ ਅਤੇ ਨਾਂ ਹੀ ਕਮਿਸ਼ਨ ਨੂੰ ਮੋਕੇ ਦਿਤੀ ਗਈ। ਇਸ ਲਈ ਉਨ੍ਹਾਂ ਨੂੰ ਇਸ ਦੀ ਕਾਪੀ ਬਾਅਦ ਵਿਚ ਦੇਣ ਲਈ ਕਿਹਾ ਗਿਆ ਜ਼ੋ ਪ੍ਰਾਪਤ ਨਹੀਂ ਹੋਈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਸੂਚਨਾ ਅਪੀਲਕਰਤਾ ਨੂੰ ਰਜਿਸਟਰਡ ਪੱਤਰ ਰਾਹੀਂ ਭੇਜਦੇ ਹੋਏ ਇਕ ਕਾਪੀ ਕਮਿਸ਼ਨ ਨੂੰ ਭੇਜੀ ਜਾਵੇ। ਇਸ ਹਦਾਇਤ ਨਾਲ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 24 ਫਰਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗੁਰਸੇਵਕ ਸਿੰਘ 94173940904
ਪਿੰਡ ਭੰਬਾ ਲੰਡਾ, ਤਹਿਸੀਲ ਵਾ:ਜ਼ਿਲ੍ਹਾ ਫਿਰੋਜ਼ਪੁਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਡੀ.ਡੀ.ਪੀ.ਓ. ਫਿਰੋਜ਼ਪੁਰ।
ਪਹਿਲੀ ਅਪੀਲੀ ਅਥਾਰਟੀ,
ਡਾਇਰੈਕਟਰ ਰੂਰਲ ਡਿਵੈਲਪਮੈਂਟ ਐਂਡ ਪੰਚਾਇਤ ਵਿਕਾਸ ਭਵਨ, ਪੰਜਾਬ
ਸੈਕਟਰ 62, ਚਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:1445 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਪਰਮਜੀਤ ਸਿਘ, ਪੰਚਾਇਤ ਸਕੱਤਰ, (81465098)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 3-1-2019, ਲੋਕ ਸੂਚਨਾ ਅਧਿਕਾਰੀ ਦਫਤਰ ਡੀ.ਡੀ.ਪੀ.ਓ. ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗ੍ਰਾਮ ਪਚਾਇਤ ਪਿੰਡ ਭੰਬਾ ਲਡਾ, ਬਲਾਕ ਘੱਲ ਖੁਰਦ, ਤਹਿਸੀਲ ਅਤੇ ਜਿਲਾ ਫਿਰੋਜ਼ਪੁਰ ਦੇ ਉਸ ਸਮੇਂ ਦੇ ਸਰਪੰਚ ਸ੍ਰੀ ਗੁਰਪ੍ਰੀਤ ਸਿੰਘ ਵਲੋਂ ਪਿਡ ਦੇ ਵਿਕਾਸ ਲਈ ਸਾਲ 2013 ਤੋਂ 2018 ਤੱਕ ਗ੍ਰਾਂਟ ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-3-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 16-4-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੂਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਮਿਤੀ 31-10-2019 ਦੇ ਹੁਕੱਮਾਂ ਬਾਅਦ ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਇਸ ਕੇਸ ਵਿਚ ਅੱਜ ਤੱਕ ਕੋਈ ਸੂਚਨਾ ਨਹੀਂ ਦਿੱਤੀ ਗਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਪਰਮਜੀਤ ਸਿਘ, ਪੰਚਾਇਤ ਸਕੱਤਰ, ਹਾਜ਼ਰ ਹੋਇਆ ਉਸ ਵਲੋਂ ਪੱਤਰ ਨੰ: 557 ਮਿਤੀ 19-2-2020 ਪੇਸ਼ ਕੀਤਾ ਗਿਆ ਜ਼ੋ ਪੰਚਾਇਤ ਸਕੱਤਰ ਨੂੰ ਸਬੋਧਤ ਹੈ ਅਤੇ ਕਮਿਸ਼ਨ ਨੂੰ ਉਤਾਰਾ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਅਪੀਲਕਰਤਾ ਵਲੋਂ ਦਸੇ ਅਨੁਸਾਰ ਉਸਨੂੰ ਕਾਫੀ ਸਮਾਂ ਬੀਤ ਚੁੱਕਾ ਹੈ ਪਰ ਉੱਤਰਦਾਤਾ ਵਲੋਂ ਕੋਈ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ ਵਲੋਂ ਹਾਜਰ ਸ੍ਰੀ ਪਰਮਜੀਤ ਸਿੰਘ, ਪੰਚਾਇਤ ਸਕੱਤਰ ਵਲੋਂ ਉਕਤ ਪੱਤਰ ਮਿਤੀ 19-2-2020 ਪੇਸ਼ ਕੀਤਾ ਗਿਆ ਜ਼ੋ ਕਿ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਪੀ.ਆਈ.ਓ. ਵਲੋਂ ਲਿਖਿਆ ਗਿਆ ਹੈ। ਇਸ ਕੇਸ ਵਿਚ ਬਹੁਤ ਸਾਰੀਆਂ ਤਾਰੀਖਾਂ ਪੈ ਚੁੱਕੀਆਂ ਹਨ। ਉਕਤ ਪੱਤਰ ਰਾਹੀਂ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਪੀ.ਆਈ.ਓ. ਵਲੋਂ ਦੋਨੋਂ ਅਪੀਲ ਕੇਸਾਂ (ਅਪੀਲ ਕੇਸ ਨੰ:1445/2019 ਅਤੇ 1446/2019) ਵਿਚ ਇਕੋ ਪੱਤਰ ਲਿਖਿਆ ਗਿਆ ਹੈ ਜ਼ੋ ਕਿ ਬਿਲਕੁਲ ਲਾਹ ਪ੍ਰਵਾਹੀ ਵਾਲਾ ਕੰਮ ਹੈ। ਬੀ.ਡੀ.ਪੀ.ਓ. ਨੇ ਕਿਹਾ ਹੈ ਕਿ ਤਾਰੀਖ ਭੁਗਤੀ ਜਾਵੇ ਅਤੇ ਲਿਖਿਆ ਗਿਆ ਹੈ ਕਿ ਇਹ ਕੇਸ ਸ੍ਰੀ ਯਸ਼ਵੀਰ ਮਹਾਜ਼ਨ ਜੀ ਦੀ ਅਦਾਲਤ ਵਿਚ ਚਲ ਰਿਹਾ ਹੈ ਜਦੋਂ ਕਿ ਇਹ ਕੇਸ ਮੇਰੀ ਅਦਾਲਤ ਵਿਚ ਹੈ। ਇਸ ਪੱਤਰ ਵਿਚ ਪਹਿਲੇ ਹੁਕੱਮਾਂ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ। ਇਹ ਕੇਸ ਪੂਰਵਲੇ ਕਮਿਸ਼ਨ ਵਲੋਂ ਮੇਰੇ ਪਾਸ ਆ ਗਿਆ ਹੈ, ਇਸ ਕੇਸ ਵਿਚ ਉਨ੍ਹਾਂ ਵਲੋਂ ਪਹਿਲਾਂ ਵੀ ਕਈ ਤਰ੍ਹਾਂ ਦੇ ਆਰਡਰ ਡਾਇਰੈਕਟਰ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਵੀ ਕੀਤੇ ਹੋਏ ਹਨ। ਇਹ ਕੇਸ ਬੀ.ਡੀ.ਪੀ.ਓ. ਘੱਲ ਖੁਰਦ ਅਤੇ ਡੀ.ਡੀ.ਪੀ.ਓ. ਫਿਰੋਜ਼ਪਰੁ ਵਲੋਂ ਗੰਭੀਰਤਾ ਨਾਲ ਲਿਆ ਜਾਣਾ ਬਣਦਾ ਸੀ। ਇਸ ਕਰਕੇ ਅੱਜ ਹੁਕੱਮ ਦਿੱਤਾ ਜਾਂਦਾ ਹੈ ਕਿ ਬੀ.ਡੀ.ਪੀ.ਓ. ਅਤੇ ਡੀ.ਡੀ.ਪੀ.ਓ. ਜ਼ੋ ਪੰਚਾਇਤ ਵਿਭਾਗ ਦੇ ਦੋਵੇ ਅਧਿਕਾਰੀ ਹਨ , ਇਸ ਕੇਸ ਵਿਚ ਹੁੱਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵੇਰਵੇ ਸਹਿਤ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਲਿਆਉਣਗੇ ਅਤੇ ਹੁਣ ਤੱਕ ਮੰਗੀ ਗਈ ਸੂਚਨਾ ਕਿਉਂ ਨਹੀਂ ਦਿੱਤੀ ਗਈ ਸਬੰਧੀ ਆਪਣਾ ਸਪਸ਼ੱਟੀਕਰਨ ਲੈ ਕੇ ਅਗਲੀ ਤੇ ਖੁੱਦ ਪੇਸ਼ ਹੋਣਗੇ।ਇਸ ਤਰ੍ਹਾਂ ਦੋਨੋ ਅਧਿਕਾਰੀ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਅਤੇ ਡੀ.ਡੀ.ਪੀ.ਓ. ਫਿਰੋਜ਼ਪਰੁ ਨਿਜੀ ਤੌਰ ਤੇ ਹਾਜ਼ਰ ਹੋਣ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 24 ਫਰਵਰੀ, 2020.**

**ਕਾਪੀ:** 1.**ਡੀ.ਡੀ.ਪੀ.ਓ.ਫਿਰੋਜ਼ਪੁਰ ਨੂੰ ਹੁਕੱਮਾਂ ਦੀ ਪਾਲਣਾ ਹਿੱਤ ਭੇਜੀ ਜਾਂਦੀ ਹੈ।**
2. **ਬੀ.ਡੀ.ਪੀ.ਓ., ਬਲਾਕ ਘੱਲ ਖੁਰਦ,**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗੁਰਸੇਵਕ ਸਿੰਘ 94173940904
ਪਿੰਡ ਭੰਬਾ ਲੰਡਾ, ਤਹਿਸੀਲ ਵਾ:ਜ਼ਿਲ੍ਹਾ ਫਿਰੋਜ਼ਪੁਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਡੀ.ਡੀ.ਪੀ.ਓ. ਫਿਰੋਜ਼ਪੁਰ।
ਪਹਿਲੀ ਅਪੀਲੀ ਅਥਾਰਟੀ,
ਡਾਇਰੈਕਟਰ ਰੂਰਲ ਡਿਵੈਲਪਮੈਂਟ ਐਂਡ ਪੰਚਾਇਤ ਵਿਕਾਸ ਭਵਨ, ਪੰਜਾਬ
ਸੈਕਟਰ 62, ਚਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:1446 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਪਰਮਜੀਤ ਸਿਘ, ਪੰਚਾਇਤ ਸਕੱਤਰ, (81465098)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 3-1-2019, ਲੋਕ ਸੂਚਨਾ ਅਧਿਕਾਰੀ ਦਫਤਰ ਡੀ.ਡੀ.ਪੀ.ਓ. ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗ੍ਰਾਮ ਪਚਾਇਤ ਪਿੰਡ ਭੰਬਾ ਲਡਾ, ਬਲਾਕ ਘੱਲ ਖੁਰਦ, ਤਹਿਸੀਲ ਅਤੇ ਜਿਲਾ ਫਿਰੋਜ਼ਪੁਰ ਦੇ ਉਸ ਸਮੇਂ ਦੇ ਸਰਪੰਚ ਰਜਵੰਤ ਕੌਰ ਵਲੋਂ ਪਿਡ ਦੇ ਵਿਕਾਸ ਲਈ ਸਾਲ 2003 ਤੋਂ 2008 ਤੱਕ ਗ੍ਰਾਂਟ ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-3-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 16-4-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਮਿਤੀ 31-10-2019 ਦੇ ਹੁਕੱਮਾਂ ਬਾਅਦ ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਇਸ ਕੇਸ ਵਿਚ ਅੱਜ ਤੱਕ ਕੋਈ ਸੂਚਨਾ ਨਹੀਂ ਦਿੱਤੀ ਗਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਪਰਮਜੀਤ ਸਿਘ, ਪੰਚਾਇਤ ਸਕੱਤਰ, ਹਾਜ਼ਰ ਹੋਇਆ ਉਸ ਵਲੋਂ ਪੱਤਰ ਨੰ: 557 ਮਿਤੀ 19-2-2020 ਪੇਸ਼ ਕੀਤਾ ਗਿਆ ਜ਼ੋ ਪੰਚਾਇਤ ਸਕੱਤਰ ਨੂੰ ਸਬੋਧਤ ਹੈ ਅਤੇ ਕਮਿਸ਼ਨ ਨੂੰ ਉਤਾਰਾ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਅਪੀਲਕਰਤਾ ਵਲੋਂ ਦਸੇ ਅਨੁਸਾਰ ਉਸਨੂੰ ਕਾਫੀ ਸਮਾਂ ਬੀਤ ਚੁੱਕਾ ਹੈ ਪਰ ਉੱਤਰਦਾਤਾ ਵਲੋਂ ਕੋਈ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ ਵਲੋਂ ਹਾਜਰ ਸ੍ਰੀ ਪਰਮਜੀਤ ਸਿੰਘ, ਪੰਚਾਇਤ ਸਕੱਤਰ ਵਲੋਂ ਉਕਤ ਪੱਤਰ ਮਿਤੀ 19-2-2020 ਪੇਸ਼ ਕੀਤਾ ਗਿਆ ਜ਼ੋ ਕਿ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਪੀ.ਆਈ.ਓ. ਵਲੋਂ ਲਿਖਿਆ ਗਿਆ ਹੈ। ਇਸ ਕੇਸ ਵਿਚ ਬਹੁਤ ਸਾਰੀਆਂ ਤਾਰੀਖਾਂ ਪੈ ਚੁੱਕੀਆਂ ਹਨ। ਉਕਤ ਪੱਤਰ ਰਾਹੀਂ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਪੀ.ਆਈ.ਓ. ਵਲੋਂ ਦੋਨੋਂ ਅਪੀਲ ਕੇਸਾਂ (ਅਪੀਲ ਕੇਸ ਨੰ:1445/2019 ਅਤੇ 1446/2019) ਵਿਚ ਇਕੋ ਪੱਤਰ ਲਿਖਿਆ ਗਿਆ ਹੈ ਜ਼ੋ ਕਿ ਬਿਲਕੁਲ ਲਾਹ ਪ੍ਰਵਾਹੀ ਵਾਲਾ ਕੰਮ ਹੈ। ਬੀ.ਡੀ.ਪੀ.ਓ. ਨੇ ਕਿਹਾ ਹੈ ਕਿ ਤਾਰੀਖ ਭੁਗਤੀ ਜਾਵੇ ਅਤੇ ਲਿਖਿਆ ਗਿਆ ਹੈ ਕਿ ਇਹ ਕੇਸ ਸ੍ਰੀ ਯਸ਼ਵੀਰ ਮਹਾਜ਼ਨ ਜੀ ਦੀ ਅਦਾਲਤ ਵਿਚ ਚਲ ਰਿਹਾ ਹੈ ਜਦੋਂ ਕਿ ਇਹ ਕੇਸ ਮੇਰੀ ਅਦਾਲਤ ਵਿਚ ਹੈ। ਇਸ ਪੱਤਰ ਵਿਚ ਪਹਿਲੇ ਹੁਕੱਮਾਂ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ। ਇਹ ਕੇਸ ਪੁਰਵਲੇ ਕਮਿਸ਼ਨ ਵਲੋਂ ਮੇਰੇ ਪਾਸ ਆ ਗਿਆ ਹੈ, ਇਸ ਕੇਸ ਵਿਚ ਉਨ੍ਹਾਂ ਵਲੋਂ ਪਹਿਲਾਂ ਵੀ ਕਈ ਤਰ੍ਹਾਂ ਦੇ ਆਰਡਰ ਡਾਇਰੈਕਟਰ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਵੀ ਕੀਤੇ ਹੋਏ ਹਨ। ਇਹ ਕੇਸ ਬੀ.ਡੀ.ਪੀ.ਓ. ਘੱਲ ਖੁਰਦ ਅਤੇ ਡੀ.ਡੀ.ਪੀ.ਓ. ਫਿਰੋਜ਼ਪਰੁ ਵਲੋਂ ਗੰਭੀਰਤਾ ਨਾਲ ਲਿਆ ਜਾਣਾ ਬਣਦਾ ਸੀ। ਇਸ ਕਰਕੇ ਅੱਜ ਹੁਕੱਮ ਦਿੱਤਾ ਜਾਂਦਾ ਹੈ ਕਿ ਬੀ.ਡੀ.ਪੀ.ਓ. ਅਤੇ ਡੀ.ਡੀ.ਪੀ.ਓ. ਜ਼ੋ ਪੰਚਾਇਤ ਵਿਭਾਗ ਦੇ ਦੋਵੇ ਅਧਿਕਾਰੀ ਹਨ , ਇਸ ਕੇਸ ਵਿਚ ਹੁੱਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵੇਰਵੇ ਸਹਿਤ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਲਿਆਉਣਗੇ ਅਤੇ ਹੁਣ ਤੱਕ ਮੰਗੀ ਗਈ ਸੂਚਨਾ ਕਿਉਂ ਨਹੀਂ ਦਿੱਤੀ ਗਈ ਸਬੰਧੀ ਆਪਣਾ ਸਪਸ਼ੱਟੀਕਰਨ ਲੈ ਕੇ ਅਗਲੀ ਤੇ ਖੁੱਦ ਪੇਸ਼ ਹੋਣਗੇ। ਇਸ ਤਰ੍ਹਾਂ ਦੋਨੋ ਅਧਿਕਾਰੀ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਅਤੇ ਡੀ.ਡੀ.ਪੀ.ਓ. ਫਿਰੋਜ਼ਪਰੁ ਨਿਜੀ ਤੌਰ ਤੇ ਹਾਜ਼ਰ ਹੋਣ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਫਰਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**
**ਕਾਪੀ: 1.ਡੀ.ਡੀ.ਪੀ.ਓ.ਫਿਰੋਜ਼ਪੁਰ ਨੂੰ ਹੁਕੱਮਾਂ ਦੀ ਪਾਲਣਾ ਹਿੱਤ ਭੇਜੀ ਜਾਂਦੀ ਹੈ। 2. ਬੀ.ਡੀ.ਪੀ.ਓ. ਬਲਾਕ ਘੱਲ ਖੁਰਦ**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਹਰਭਜਨ ਸਿੰਘ ਪੁੱਤਰ ਸ੍ਰੀ ਮੋਹਨ ਸਿੰਘ,
ਪਿੰਡ ਗੀਗਨਵਾਲ ਡਾਕਖਾਨਾ ਬਹਿਰਾਮ ਸ਼ਰਿਸ਼ਤਾ,ਜਲੰਧਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਬੀ.ਡੀ.ਪੀ.ਓ. ਭੋਗਪੁਰ, ਜ਼ਿਲ੍ਹਾ ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਡੀ.ਡੀ.ਪੀ.ਓ. ਜਲੰਧਰ। ------ਉੱਤਰਦਾਤਾ

**ਅਪੀਲ ਕੇਸ ਨੰ: 1489 ਆਫ 2018**

**ਹਾਜ਼ਰ:**

1. ਅਪੀਲਕਰਤਾ ਵਲੋਂ ਸ੍ਰੀ ਹਰਭਜਨ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-10-2018, ਲੋਕ ਸੂਚਨਾ ਅਧਿਕਾਰੀ ਬੀ.ਡੀ.ਪੀ.ਓ. ਭੋਗਪੁਰ, ਜ਼ਿਲ੍ਹਾ ਜਲੰਧਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਰਪੰਚ ਗ੍ਰਾਮ ਪੰਚਾਇਤ ਗੀਗਨਵਾਲ ਨੂੰ ਮਿਤੀ 01-04-2014 ਤੋਂ 30-9-2018 ਤੱਕ ਵਿਕਾਸ ਕਾਰਜਾਂ ਲਈ ਵੱਖ ਵੱਖ ਕਿਸਮਾਂ ਦੀਆਂ ਗ੍ਰਾਟਾਂ ਨਾਨ ਸਬੰਧਤ 10 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 04-2-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 23-4-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਸ੍ਰੀ ਹਰਭਜਨ ਸਿੰਘ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਸਨੂੰ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਅੱਜੇ ਤੱਕ ਕੰਪਨਸੇਸ਼ਨ ਦੀ ਰਕਮ ਰੁ: 3000/- ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਸੂਚਨਾ ਪ੍ਰਾਪਤ ਹੋਈ ਹੈ। ਇਸ ਸਬੰਧੀ ਉਸ ਵਲੋਂ ਉੱਤਰਦਾਤਾ ਨੂੰ ਲਿਖੇ ਪਤਰ ਮਿਤੀ 13-1-2020 ਵੀ ਪੇਸ਼ ਕੀਤੀ ਗਈ ਹੈ।ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋ਼ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਅਪੀਲਕਰਤਾ ਅਨੁਸਾਰ ਉਸਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਹੁਕੱਮਾਂ ਅਨੁਸਾਰ ਪਾਏ ਗਏ ਕੰਪਨਸੇਸ਼ਨ ਦੀ ਰਕਮ ਪ੍ਰਾਪਤ ਹੋਈ ਹੈ। ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਹੀ ਪ੍ਰਾਪਤ ਹੋਈ ਹੈ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਵਲੋਂ ਵੀ ਇਸ ਗੱਲ ਦਾ ਸ਼ਖਤ ਨੋਟਿਸ ਲੈਂਦੇ ਹੋਏ ਡਾਇਰੈਕਟਰ, ਰੁਰਲ ਡਿਵੈਲਪਮੈਂਟ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਵੀ ਲਿਖਿਆ ਗਿਆ ਸੀ, ਪਰ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ ਅਤੇ ਨਾ ਹੀ ਕੋਈ ਨੁਮਾਇੰਦਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਇਸ ਤੋਂ ਸਪਸ਼ੱਟ ਹੈ ਕਿ ਵਿਭਾਗ ਵਲੋਂ ਇਸ ਕੇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਅਤੇ ਨਾਂ ਹੀ ਆਰ.ਟੀ.ਆਈ.ਐਕਟ ਦੀ ਪਾਲਣਾ ਕੀਤੀ ਜਾ ਰਹੀ ਹੈ। ਇਸ ਲਈ ਕਮਿਸ਼ਨ ਵਲੋਂ ਇਸ ਗੱਲ ਦਾ ਗੰਭੀਰ ਨੋਟਿਸ ਲੈਂਦੇ ਹੋਏ ਆਦੇਸ਼ ਦਿੱਤੇ ਜਾਂਦੇ ਹਨ ਕਿ ਅਗਲੀ ਨਿਸਚਿਤ ਮਿਤੀ ਤੇ ਬੀ.ਡੀ.ਪੀ.ਓ. ਬਲਾਕ ਭੋਗਪੁਰ ਕੰਪਨਸੇਸ਼ਨ ਦੀ ਰਕਮ ਰੁ: 3000/- ਦਾ ਡਰਾਫਟ ਅਤੇ ਇਸ ਕੇਸ ਵਿਚ ਹੁੱਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵੇਰਵੇ ਸਹਿਤ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਲਿਆਉਣਗੇ ਅਤੇ ਹੁਣ ਤੱਕ ਮੰਗੀ ਗਈ ਸੂਚਨਾ ਕਿਉਂ ਨਹੀਂ ਦਿੱਤੀ ਗਈ ਸਬੰਧੀ ਆਪਣਾ ਸਪਸ਼ੱਟੀਕਰਨ ਲੈ ਕੇ ਅਗਲੀ ਪੇਸ਼ੀ ਤੇ ਖੁੱਦ ਪੇਸ਼ ਹੋਣਗੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 17-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 24 ਫਰਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਾਕੇਸ਼ ਕੁਮਾਰ ਗੁਪਤਾ 9814924851
8/237 ਜਗਰਾਓ ਰੋਡ ਮੁਲਾਂਪੁਰ ਮੰਡੀ, ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਐਸ.ਐਸ.ਪੀ.ਰੂਰਲ ਜਗਰਾਉ, ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਇੰਨਸਪੈਕਟਰ ਜਨਰਲ ਆਫ ਪੁਲਿਸ ਲੁਧਿਆਣਾ ਰੇਂਜ,ਲੁਧਿਆਣਾ। -----ਉੱਤਰਦਾਤਾ

**ਅਪੀਲ ਕੇਸ ਨੰ:3220 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਦੀਪ ਸਿੰਘ, ਏ.ਐਸ.ਆਈ.(9870006022)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 17-8-2019, ਲੋਕ ਸੂਚਨਾ ਅਧਿਕਾਰੀ ਐਸ.ਐਸ.ਪੀ.ਰੂਰਲ ਜਗਰਾਉ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਸ.ਐਸ.ਪੀ. ਲੁਧਿਆਣਾ ਰੂਰਲ ਨੂੰ ਵੱਖ ਵੱਖ ਮਿਤੀਆਂ ਤੇ ਈ.ਮੇਲਾਂ ਰਾਹੀਂ ਭੇਜੀਆਂ ਕੰਪਲੇਟਾਂ, ਪ੍ਰਤੀ ਬੇਨਤੀਆਂ ਲੀਗਲ ਨੋਟਿਸ ਡਾਕ ਆਦਿ ਨਾਲ ਸੰਬਧਤ 05 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-8-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 6-9-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਪੀਲਕਰਤਾ ਦੀ ਇਕ ਹੋਰ ਅਪੀਲ ਕੇਸ ਨੰ: 3221 ਆਫ 2019 ਨਾਲ ਕਲੱਬ ਕਰ ਦਿੱਤਾ ਗਿਆ ਸੀ ਅਤੇ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਮਿਤੀ 23-2-2020 ਰਾਹੀਂ ਬੇਨਤੀ ਕੀਤੀ ਗਈ ਕਿ ਇਸ ਕੇਸ ਵਿਚ ਨਿਸਚਿਤ ਮਿਤੀ ਨੂੰ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਅਗਲੀ ਤਾਰੀਖ ਦਿੱਤੀ ਜਾਵੇ।ਇਸ ਦੇ ਨਾਲ ਹੀ ਉਸ ਵਲੋਂ ਹੁਣ ਤੱਕ ਪ੍ਰਾਪਤ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ 20 ਨੁਕਤੇ ਦਸੇ ਗਏ ਹਨ। ਪੱਤਰ ਈ.ਮੇਲ ਮਿਸਲ ਤੇ ਉਪਲਭਧ ਹੈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਦੀਪ ਸਿੰਘ, ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 155/5ਏ ਥਾਣਾ ਦਾਖਾ ਮਿਤੀ 24-2-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ, ਜ਼ੋ ਮੁੱਖ ਅਫਸਰ, ਥਾਣਾ ਦਾਖਾ ਵਲੋਂ ਲਿਖਿਆ ਗਿਆ ਹੈ ਜਿਸ ਅਨੁਸਾਰ ਦਸਿਆ ਗਿਆ ਹੈ ਕਿ ਮੰਗੀ ਗਈ ਸੂਚਨਾ (ਪਹਿਲਾਂ ਹੀ ਇੰਨਕੁਆਰੀ ਦੀ ਰਿਪੋਰਟ ਅਤੇ ਬਿਆਨ ਭੇਜੀ ਜਾ ਚੁੱਕੀ ਹੈ) ਮਿਤੀ 2-1-2020 ਅਤੇ 3.2.2020 ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ।ਪਤਰ (ਸਹਿ ਪੱਤਰਾਂ ਸਹਿਤ) ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਤੋਂ ਇਲਾਵਾ ਈ.ਮੇਲ. ਮਿਤੀ 23-2-2020 ਰਾਹੀਂ ਉਕਤ ਦੋਨਾਂ ਕੇਸਾਂ ਅਪੀਲ ਕੇਸ ਨੰ: 3220 ਅਤੇ 3221 ਆਫ 2019 ਵਿਚ ਲੋਕ ਸੂਚਨਾ ਅਫਸਰ ਲੁਧਿਆਣਾ ਵਲੋਂ ਉਪ ਪੁਲਿਸ ਕਪਤਾਨ ਦਾਖਾ ਨੂੰ ਪੱਤਰ ਨੰ: 65/ਆਰ.ਟੀ.ਆਈ./ਜਿਲਾ ਸਾਂਝ ਕੇਂਦਰ, ਮਿਤੀ 22-2-2020 ਰਾਹੀਂ ਇਸ ਕੇਸ ਦੀ ਪੈਰਵੀ ਲਈ ਜੁਮੇਵਾਰ ਕਰਮਚਾਰੀ ਦੀ ਡਿਊਟੀ ਲਗਾਉਣ/ਭੇਜਣ ਲਈ ਹਦਾਇਤ ਕਰਦੇ ਹੋਏ ਉਤਾਰਾ ਕਮਿਸ਼ਨ ਨੂੰ ਭੇਜਿਆ ਗਿਆ ਹੈ, ਪਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਇਸ ਕੇਸ ਵਿਚ ਹਾਜ਼ਰ ਨੁਮਾਇਦੇ ਵਲੋਂ ਦਸਿਆ ਗਿਆ ਅਪੀਲਕਰਤਾ ਨੂੰ ਪਹਿਲਾਂ ਹੀ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ, ਅਪੀਲਕਰਤਾ ਵਲੋਂ ਪ੍ਰਾਪਤ ਈ.ਮੇਲ ਰਾਹੀਂ ਦਸਿਆ ਗਿਆ ਕਿ ਉਹ ਹਾਜ਼ਰ ਨਹੀਂ ਹੋ ਸਕਦਾ ਅਤੇ ਨਾਲ ਹੀ ਪ੍ਰਾਪਤ ਹੋ ਚੁੱਕੀ ਸੂਚਨਾ ਵਿਚ ਪਾਈਆਂ ਗਈਆਂ ਤਰੁੱਟੀਆਂ ਸਬੰਧੀ ਈ.ਮੇਲ ਰਾਹੀਂ ਲਿਖਤੀ ਰੂਪ ਵਿਚ ਦਸਿਆ ਗਿਆ ਹੈ। ਪ੍ਰਾਪਤ ਹੋਈ ਈ.ਮੇਲ. ਰਾਹੀਂ ਤਰੁੱਟੀਆਂ ਸਬੰਧੀ ਪੱਤਰ ਹਾਜ਼ਰ ਉੱਤਰਦਾਤਾ ਦੇ ਨੁਮਾਇੰਦੇ ਨੂੰ ਪੇਸ਼ੀ ਦੋਰਾਨ ਦੇ ਦਿੱਤਾ ਗਿਆ। ਅਪੀਲਕਰਤਾ ਵਲੋਂ ਈ.ਮੇਲ ਰਾਹੀਂ ਅਤੇ ਹਾਜ਼ਰ ਨੁਮਾਇੰਦੇ ਵਲੋਂ ਵੀ ਇਸ ਕੇਸ ਵਿਚ ਸਮੇਂ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 24 ਫਰਵਰੀ, 2020.**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਾਕੇਸ਼ ਕੁਮਾਰ ਗੁਪਤਾ 9814924851
8/237 ਜਗਰਾਓ ਰੋਡ ਮੁਲਾਂਪੁਰ ਮੰਡੀ, ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਐਸ.ਐਸ.ਪੀ.ਰੂਰਲ ਜਗਰਾਉ, ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਇੰਨਸਪੈਕਟਰ ਜਨਰਲ ਆਫ ਪੁਲਿਸ ਲੁਧਿਆਣਾ ਰੇਂਜ,ਲੁਧਿਆਣਾ। -----ਉੱਤਰਦਾਤਾ

**ਅਪੀਲ ਕੇਸ ਨੰ:3221 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਦੀਪ ਸਿੰਘ, ਏ.ਐਸ.ਆਈ.(9870006022)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 17-8-2019, ਲੋਕ ਸੂਚਨਾ ਅਧਿਕਾਰੀ ਐਸ.ਐਸ.ਪੀ.ਰੂਰਲ ਜਗਰਾਉ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਏ.ਡੀ.ਸੀ.(ਡੀ) ਲੁਧਿਆਣਾ ਤੋਂ ਉਸ ਤੇ ਹੋਏ ਮਿਤੀ 1-6-2019 ਨੂੰ ਜਾਣਲੇਵਾ ਹਮਲੇ ਦੇ ਸਬੰਧ ਵਿਚ ਵੱਖ ਵੱਖ ਮਿਤੀਆਂ ਤੇ ਈ.ਮੇਲਾਂ ਰਾਹੀਂ ਭੇਜੀਆਂ ਕੰਪਲੇਟਾਂ, ਪ੍ਰਤੀ ਬੇਨਤੀਆਂ ਲੀਗਲ ਨੋਟਿਸ ਡਾਕ ਆਦਿ ਨਾਲ ਸੰਬਧਤ 12 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-8-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 6-9-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਪੀਲਕਰਤਾ ਦੀ ਇਕ ਹੋਰ ਅਪੀਲ ਕੇਸ ਨੰ: 3220 ਆਫ 2019 ਨਾਲ ਕਲੱਬ ਕਰ ਦਿੱਤਾ ਗਿਆ ਸੀ ਅਤੇ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਮਿਤੀ 23-2-2020 ਰਾਹੀਂ ਬੇਨਤੀ ਕੀਤੀ ਗਈ ਕਿ ਇਸ ਕੇਸ ਵਿਚ ਨਿਸਚਿਤ ਮਿਤੀ ਨੂੰ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਅਗਲੀ ਤਾਰੀਖ ਦਿੱਤੀ ਜਾਵੇ।ਇਸ ਦੇ ਨਾਲ ਹੀ ਉਸ ਵਲੋਂ ਦਸਿਆ ਗਿਆ ਕਿ ਹੁਣ ਤੱਕ ਕੋਈ ਸੂਚਨਾ ਪ੍ਰਾਪਤ ਨਹੀ਼ ਹੋਈ। ਪੱਤਰ ਈ.ਮੇਲ ਮਿਸਲ ਤੇ ਉਪਲਭਧ ਹੈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਦੀਪ ਸਿੰਘ, ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 154/5ਏ ਥਾਣਾ ਦਾਖਾ ਮਿਤੀ 24-2-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ, ਜ਼ੋ ਮੁੱਖ ਅਫਸਰ, ਥਾਣਾ ਦਾਖਾ ਵਲੋਂ ਲਿਖਿਆ ਗਿਆ ਹੈ ਜਿਸ ਅਨੁਸਾਰ ਦਸਿਆ ਗਿਆ ਹੈ ਕਿ ਪ੍ਰਾਰਥੀ ਰਾਕੇਸ ਗੁਪਤਾ ਦੀ ਸਕਿਉਰਟੀ ਅਸੈਸਮੈਂਟ ਸਬੰਧੀ ਐਸ.ਆਈ.ਟੀ.ਕਮੇਟੀ ਬਣੀ ਹੋਈ ਹੈ, ਜਿਸਦੇ ਮੈਬਰ ਡੀ.ਸੀ.ਸਾਹਿਬ ਲੁਧਿਆਣਾ, ਐਸ.ਡੀ.ਐਮ. ਸਾਹਿਬ ਲੁਧਿਆਣਾ, ਡੀ.ਐਸ.ਪੀ. ਦਾਖਾ, ਤਹਿਸੀਲਦਾਰ ਅਤੇ 4/5 ਸਿਵਲਮੈਨ ਹਨ, ਜ਼ੋ ਕਮੇਟੀ ਦੀ ਰਿਪੋਰਟ ਆਉਣੀ ਬਾਕੀ ਹੈ, ਇਸ ਲਈ ਸਮੇਂ ਦੀ ਮੰਗ ਕੀਤੀ ਗਈ ਹੈ। ਪਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਇਸ ਕੇਸ ਵਿਚ ਹਾਜ਼ਰ ਨੁਮਾਇਦੇ ਵਲੋਂ ਦਸਿਆ ਗਿਆ ਕਿ ਕਮੇਟੀ ਦੀ ਰਿਪੋਰਟ ਆਉਂਣੀ ਬਾਕੀ ਹੈ। ਅਪੀਲਕਰਤਾ ਵਲੋਂ ਈ.ਮੇਲ ਰਾਹੀਂ ਅਤੇ ਹਾਜ਼ਰ ਨੁਮਾਇੰਦੇ ਵਲੋਂ ਵੀ ਇਸ ਕੇਸ ਵਿਚ ਸਮੇਂ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਇਹ ਕੇਸ **ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 24 **ਫਰਵਰੀ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਬ੍ਰਿਜ ਮੋਹਨ ਸਿੰਘ ਪੁੱਤਰ ਲੇਟ ਸ੍ਰੀ ਸੁਖਵੀਰ ਕੋਰ ਵਾਲੀਆ
126 ਗੱਲੀ ਨੰ: 5, ਨੋਰਥ ਅਸਟੇਟ ਬਠਿੰਡਾ।                                        ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਡੀ.ਪੀ.ਆਈ. (ਕਾਲਜ਼ ) ਪੰਜਾਬ ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਡੀ.ਪੀ.ਆਈ. (ਕਾਲਜ਼ ) ਪੰਜਾਬ ਮੁਹਾਲੀ ।                                        ------ਉੱਤਰਦਾਤਾ

**ਅਪੀਲ ਕੇਸ ਨੰ: 4411 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂਸ੍ਰੀ ਵਰੂਨ ਬਾਂਸਲ ਐਡਵੋਕੇਟ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਮੈਡਮ ਪਵਨਜੀਤ ਕੋਰ, ਸੀਨੀਅਰ ਸਹਾਇਕ (9463741800)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-7-2019, ਲੋਕ ਸੂਚਨਾ ਅਧਿਕਾਰੀ ਡੀ.ਪੀ.ਆਈ. (ਕਾਲਜ਼ ) ਪੰਜਾਬ ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੀ ਮਾਤਾ ਸੁਖਵੀਰ ਕੋਰ ਵਾਲੀਆ ਨਾਲ ਸੰਬਧਤ 04 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-8-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-11-2019 ਨੂੰ ਕਮਿਸ੍ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂਸ੍ਰੀ ਵਰੂਨ ਬਾਂਸਲ ਐਡਵੋਕੇਟ ਹਾਜ਼ਰ ਹੋਏ ਉਸ ਵਲੋਂ ਦਸਿਆ ਗਿਆ ਕਿ ਅੱਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਸ੍ਰੀ ਵਰੂਨ ਬਾਂਸਲ ਐਡਵੋਕੇਟ ਵਲੋਂ ਅਥਾਰਟੀ ਲੈਟਰ ਪੇਸ਼ ਕੀਤਾ ਗਿਆ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਮੈਡਮ ਪਵਨਜੀਤ ਕੋਰ, ਸੀਨੀਅਰ ਸਹਾਇਕ, ਹਾਜ਼ਰ ਹੋਈ, ਉਸ ਵਲੋਂ ਪੱਤਰ ਮੀਮੋ ਨੰ: 20/5-2020 ਗਰਾਂਟ 1(3) ਮਿਤੀ 24-2-2020 ਪੇਸ਼ ਕੀਤਾ ਗਿਆ ਅਤੇ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਸਾਲ 2004 ਨਾਲ ਸਬੰਧਤ ਹੈ, ਦਫਤਰ ਦੀ ਤਕਰੀਬਨ ਤਿੰਨ ਵਾਰ ਚੰਡੀਗੜ੍ਹ ਤੋਂ ਮੋਹਾਲੀ ਸ਼ਿਫਟਿੰਗ ਹੋਣ ਕਾਰਨ ਰਿਕਾਰਡ ਮਿਸਪਲੇਸ ਹੋ ਗਿਆ ਹੈ, ਇਸ ਤੋਂ ਇਲਾਵਾ ਰਿਕਾਰਡ ਬਹੁਤ ਪੁਰਾਣਾ ਹੋਣ ਕਾਰਨ ਭਾਲ ਕਰਨ ਤੇ ਉਪਲਭਧ ਨਹੀਂ ਹੋਇਆ, ਅਜੇ ਵੀ ਭਾਲ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਬੇਨਤੀ ਕੀਤੀ ਗਈ ਅਪੀਲਕਰਤਾ ਜਾਂ ਉਸਦਾ ਕੋਈ ਨੁਮਾਇੰਦਾ ਕਿਸੇ ਵੀ ਕੰਮ ਵਾਲੇ ਦਿਨ ਉਨ੍ਹਾਂ ਦੇ ਦਫਤਰ ਆ ਜਾਵੇ ਤਾਂ ਜ਼ੋ ਰਿਕਾਰਡ ਦੀ ਭਾਲ ਕੀਤੀ ਜਾ ਸਕੇ ਅਤੇ ਮੰਗੇ ਗਏ ਪੱਤਰਾਂ ਦੀਆਂ ਰੀਡਏਬਲ ਕਾਪੀਆਂ ਜ਼ੋ ਰਿਕਾਰਡ ਵਿਚ ਉਪਲਬਧ ਹੋਣ ਉਨ੍ਹਾਂ ਨੂੰ ਦਿੱਤੀਆਂ ਜਾ ਸਕਣ ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਹਾਜ਼ਰ ਨੁਮਾਇੰਦੇ ਵਲੋਂ ਦਸੇ ਅਨੁਸਰ ਰਿਕਾਰਡ ਪੁਰਾਣਾ ਹੋਣ ਕਾਰਨ ਭਾਲ ਕੀਤੀ ਜਾ ਰਹੀ ਹੈ ਪਰ ਉਪਲਭਧ ਨਹੀਂ ਹੋ ਰਿਹਾ, ਉਸ ਵਲੋਂ ਕੀਤੀ ਗਈ ਬੈਨਤੀ ਉਪਰੰਤ ਅਪੀਲਕਰਤਾ ਦੇ ਨੁਮਾਇੰਦੇ ਵਲੋਂ ਰਿਕਾਰਡ ਦੀ ਭਾਲ ਲਈ ਆਪਣਾ ਨੁਮਾਇੰਦਾ ਭੇਜਣ ਲਈ ਸਹਿਮਤੀ ਪ੍ਰਗਟ ਕੀਤੀ ਗਈ। ਇਸ ਲਈ ਅਪੀਲਕਰਤਾ ਅਤੇ ਉੱਤਰਦਾਤਾ ਆਪਸੀ ਸਹਿਮਤੀ ਨਾਲ ਕਿਸੇ ਕੰਮ ਵਾਲੇ ਦਿਨ ਰਿਕਾਰਡ ਦੀ ਭਾਲ ਕਰਨ ਉਪਰੰਤ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ। ਇਸ ਹਦਾਇਤ ਨਾਲ ਅਤੇ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 23-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 24 ਫਰਵਰੀ, 2020.**                    **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਊਸ਼ਾ ਰਾਣੀ ਪਤਨੀ ਸ੍ਰੀ ਰਾਮ ਮਨੋਹਰ, 9041222236
ਨੇੜੇ ਦੁਰਗਾ ਮੰਦਰ, ਗੋਨੀਆਨਾ ਮੰਡੀ, ਜ਼ਿਲ੍ਹਾ ਬਠਿੰਡਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਰਜਿਸਟਰਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਰਜਿਸਟਰਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ: 4413 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂ ਸ੍ਰੀ ਵਰੁਨ ਬਾਂਸਲ ਐਡਵੋਕੇਟ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ ਐਡਵੋਕੇਟ

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 15-7-2019, ਲੋਕ ਸੂਚਨਾ ਅਧਿਕਾਰੀ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਜਾਬੀ ਯੂਨੀਵਰਸਿਟੀ ਵਿਚ ਐਮ.ਏ. ਇੰਗਲਿਸ਼ ਸਮੈਸ਼ਟਰ 3 ਦੇ ਫਾਇਨਲ ਰਿਜਲਟ ਨਾਲ ਸੰਬਧਤ 05 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 4-9-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਸ੍ਰੀ ਵਰੁਨ ਬਾਂਸਲ ਐਡਵੋਕੇਟ ਹਾਜ਼ਰ ਹੋਇਆ, ਉਸ ਵਲੋਂ ਆਥਾਰਟੀ ਲੈਟਰ ਪੇਸ਼ ਕੀਤਾ ਗਿਆ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ। ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ ਐਡਵੋਕੇਟ ਹਾਜ਼ਰ ਹੋਇਆ, ਉਸ ਵਲੋਂ ਲੋਕ ਸੂਚਨਾ ਅਫਸਰ ਦਾ ਪਤਰ ਨੰ: 154 ਐਸ-5/793-19/ਆਰ.ਟੀ.ਆਈ. ਸੈੱਲ ਮਿਤੀ 13-2-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਨੰ: 6219 ਐਸ-5/793-19/ਆਰ.ਟੀ.ਆਈ. ਸੈੱਲ ਮਿਤੀ 21-8-2019 ਰਾਹੀਂ ਮੰਗੀ ਗਈ ਸੂਚਨਾ ਭੇਜਦੇ ਹੋਏ ਦਸਿਆ ਗਿਆ ਸੀ ਕਿ ਬਿਨੈਕਾਰ ਵਲੋਂ ਆਰ.ਟੀ.ਆਈ. ਅਰਜੀ ਤੇ ਕੀਤੇ ਹਸਤਾਖਰ ਅਤੇ ਪ੍ਰੀਖਿਆ ਦੋਰਾਨ ਹਾਜਰੀ ਸੀਟ ਤੇ ਕੀਤੇ ਹਸਤਾਖਰ ਆਪਸ ਵਿਚ ਮੇਲ ਨਹੀਂ ਖਾਂਦੈ, ਇਸ ਲਈ ਜਾਣਕਾਰੀ ਮੁਹੱਈਆ ਨਹੀ ਕਾਰਵਾਈ ਗਈ। ਇਸ ਉਪਰੰਤ ਪੱਤਰ ਮਿਤੀ 07-10-2019 ਰਾਹੀਂ ਵੀ ਜਵਾਬ ਦੇ ਦਿੱਤਾ ਗਿਆ ਸੀ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਪੇਸ ਕੀਤੇ ਦਸਤਾਵੇਜਾਂ ਅਨੁਸਾਰ ਆਰ.ਟੀ.ਆਈ. ਦੀ ਅਰਜੀ ਤੇ ਕੀਤੇ ਗਏ ਦਸਤਖਤਾਂ ਨੂੰ ਪੇਸ਼ੀ ਦੋਰਾਨ ਕਮਿਸ਼ਨ ਵਲੋਂ ਮਿਲਾਇਆ ਗਿਆ ਪਰ ਇਹ ਹਸਤਾਖਰ ਦਸਤਾਵੇਜ਼ਾਂ ਨਾਲ ਮੇਲ ਨਹੀਂ ਖਾਂਦੇ ਜਿਸ ਦਾ ਮਿਲਾਨ ਅਪੀਲਕਰਤਾ ਦੇ ਨੁਮਾਇੰਦਿਆਂ ਅਤੇ ਉੱਤਰਦਾਤਾ ਦੇ ਸਾਹਮਣੇ ਵੀ ਕੀਤਾ ਗਿਆ। ਇਸ ਤੋਂ ਇਲਾਵਾ ਅਪੀਲਕਰਤਾ ਦੇ ਵਕੀਲ ਸ੍ਰੀ ਵਰੁਨ ਬਾਂਸਲ ਐਡਵੋਕੇਟ, ਵਲੋਂ ਪੇਸ਼ ਕੀਤੇ ਅਥਾਰਟੀ ਲੈਟਰ ਤੇ ਕੀਤੇ ਗਏ ਹਸਤਾਖਰ ਵੀ ਆਰ.ਟੀ.ਆਈ. ਦੀ ਅਰਜੀ ਨਾਲ ਨਹੀਂ ਮਿਲਦੇ। ਇਸ ਲਈ ਅਪੀਲਕਰਤਾ ਦੇ ਨੁਮਾਇੰਦਿਆਂ ਵਲੋਂ ਪੇਸ਼ ਹੋ ਕੇ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇਸ ਤਰ੍ਹਾਂ ਉੱਤਰਦਾਤਾ ਵਲੋਂ ਦਿੱਤੀ ਗਈ ਜਾਣਕਾਰੀ ਤੱਥਾਂ ਤੇ ਅਧਾਰਤ ਹੈ ਅਤੇ ਸਹੀ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹ੍ਹੀਂ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 24 ਫਰਵਰੀ, 2020.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਵੀ ਕੁਮਾਰ ਪੁੱਤਰ ਸ੍ਰੀ ਧਰਮਿੰਦਰ ਕੁਮਾਰ
107 ਨੇੜੇ ਸੰਤਪੁਰਾ ਗੁਰੂਦਵਾਰਾ ਸਾਹਿਬ,
ਪਟਿਆਲਾ ਗੇਟ, ਸੰਗਰੂਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਈ.ਓ. ਨਗਰ ਕਾਂਉਸਲ, ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਕੋਲੋਨਾਇਜੇਸ਼ਨ ਵਿਭਾਗ, ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ: 4423 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਜ਼ੋਗਿੰਦਰ ਪਾਲ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜ਼ੋਗਿੰਦਰ ਸਿੰਘ ਸੁਪਰਡੰਟ (9652902805)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-6-2019, ਲੋਕ ਸੂਚਨਾ ਅਧਿਕਾਰੀ ਈ.ਓ. ਨਗਰ ਕਾਂਉਸਲ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਦਾਣਾ ਮੰਡੀ ਸੰਗਰੂਰ, ਦੀ ਉਸਾਰੀ ਵੇਲੇ ਪਾਸ ਹੋਏ ਨਕਸ਼ੇ ਦੀ ਤਸਦੀਕ ਸੁਦਾ ਫੋਟੋ ਕਾਪੀ ਨਾਲ ਸੰਬਧਤ 05 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 21-9-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 28-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਸ੍ਰੀ ਜ਼ੋਗਿੰਦਰ ਪਾਲ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਨ੍ਹਾਂ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜ਼ੋਗਿੰਦਰ ਸਿੰਘ ਸੁਪਰਡੰਟ ਅਪੀਲੀ ਆਥਾਰਟੀ ਵਲੋਂ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਇਸ ਸਬੰਧੀ ਕਾਰਵਾਈ ਮਾਰਕਿਟ ਕਮੇਟੀ ਵਲੋਂ ਕੀਤੀ ਜਾਣੀ ਹੈ। ਇਸ ਕੇਸ ਵਿਚ ਸ੍ਰੀ ਅਰਜੁਨ ਦੇਵ, ਜੇ.ਈ. ਅਦਾਲਤ ਦੀ ਕਾਰਵਾਈ ਉਪਰੰਤ ਹਾਜ਼ਰ ਹੋਇਆ, ਉਸ ਵਲੋਂ ਪੱਤਰ ਮਿਤੀ 24-2-2020 ਪੇਸ਼ ਕੀਤਾ ਗਿਆ ਜਿਸ ਰਾਹੀਂ ਦਸਿਆ ਗਿਆ ਕਿ ਇਸ ਕੇਸ ਵਿਚ ਉਨ੍ਹਾਂ ਵਲੋਂ ਪਹਿਲਾਂ ਹੀ ਪੱਤਰ ਪਿੱਠ ਅੰਕਣ ਨੰ: 2124/ਜ:ਸ: ਮਿਤੀ 24-7-2019 ਰਾਹੀਂ ਸਕੱਤਰ, ਮਾਰਕੀਟ ਕਮੇਟੀ, ਸੰਗਰੂਰ ਨੂੰ ਲਿਖਿਆ ਗਿਆ ਸੀ ਕਿ ਪ੍ਰਾਰਥੀ ਵਲੋਂ ਜਿਸ ਸੂਚਨਾ ਦੀ ਮੰਗ ਕੀਤੀ ਗਈ ਹੈ, ਉਸਦਾ ਸਬੰਧ ਉਨ੍ਹਾਂ ਦੇ ਮਹਿਕਮੇ ਨਾਲ ਹੈ ਨਗਰ ਕੌਸਲ ਸੰਗਰੂਰ ਨਾਲ ਨਹੀਂ ਇਹ ਪੱਤਰ ਸਕੱਤਰ ਮਾਰਕੀਟ ਕਮੇਟੀ, ਸੰਗਰੂਰ ਨੂੰ ਸੰਬੋਧਤ ਹੈ ਅਤੇ ਉਤਾਰਾ ਅਪੀਲਕਰਤਾ ਨੂੰ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਦਫਤਰ ਨਗਰ ਕੌਂਸਲ, ਸੰਗਰੂਰ ਵਲੋਂ ਦਸੇ ਅਨੁਸਾਰ ਇਸ ਕੇਸ ਵਿਚ ਕਾਰਵਾਈ ਮਾਰਕੀਟ ਕਮੇਟੀ ਸੰਗਰੂਰ ਵਲੋਂ ਕੀਤੀ ਜਾਣੀ ਹੈ, ਜਿਸ ਕਾਰਨ ਉਨ੍ਹਾਂ ਵਲੋਂ ਅਪੀਲਕਰਤਾ ਦੀ ਅਰਜੀ ਉਨ੍ਹਾਂ ਨੂੰ ਪਹਿਲਾਂ ਹੀ ਭੇਜੀ ਗਈ ਸੀ। ਇਸ ਲਈ ਸਕੱਤਰ, ਮਾਰਕੀਟ ਕਮੇਟੀ, ਸੰਗਰੂਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਇਸ ਦੇ ਨਾਲ ਹੀ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 24 ਫਰਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਕਾਪੀ : ਸਕੱਤਰ ਮਾਰਕੀਟ ਕਮੇਟੀ, ਸੰਗਰੂਰ ਨੂੰ ਸੂਚਨਾ ਅਤੇ ਹੁਕੱਮਾਂ ਦੀ ਪਾਲਣਾ ਹਿੱਤ।**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜ਼ੋਗਿੰਦਰ ਪਾਲ ਪੁੱਤਰ ਸ੍ਰੀ ਰੋਸ਼ਨ ਲਾਲ
ਮਕਾਨ ਨੰ: 394 ਗੱਲੀ ਨੰ: 5 ਦਸ਼ਮੇਸ਼ ਨਗਰ,
ਪਟਿਆਲਾ ਗੇਟ,ਸੰਗਰੂਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਈ.ਓ., ਐਮ.ਸੀ., ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਡਾਇਰੈਕਟਰ ਲੋਕਲ ਗੋਰਮਿੰਟ ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ: 4424 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂ ਸ੍ਰੀ ਜ਼ੋਗਿੰਦਰ ਪਾਲ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 11-4-2019, ਲੋਕ ਸੂਚਨਾ ਅਧਿਕਾਰੀ ਈ.ਓ., ਐਮ.ਸੀ., ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਅਣਅਧਿਕਾਰਤ ਲਗਜਰੀਆਂ ਇੰਨਕਲੇਵ ਕਲੋਨੀ ਉਪਲੀ ਰੋਡ, ਸੰਗਰੂਰ ਦੇ ਪਲਾਟਾਂ ਨੂੰ ਰੈਗੂਲਰ ਕਰਵਾਉਣ ਸਬੰਧੀ ਹੁਣ ਤੱਕ ਜ਼ੋ ਰਸੀਦਾ ਕੱਟ/ਜਾਰੀ ਕਰ ਦਿੱਤੀਆਂ ਗਈਆਂ ਹਨ ਉਨ੍ਹਾਂ ਦੀ ਕਾਪੀ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 4-6-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 28-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਸ੍ਰੀ ਜ਼ੋਗਿੰਦਰ ਪਾਲ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ।

4. ਅਪੀਲਕਰਤਾ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ ਵਲੋਂ ਪੇਸ਼ੀ ਦੋਰਾਨ ਕੋਈ ਹਾਜ਼ਰ ਨਹੀਂ ਹੋਇਆ, ਪਰ ਅਦਾਲਤ ਦੀ ਕਾਰਵਾਈ ਖਤਮ ਹੋਣ ਉਪਰੰਤ ਸ੍ਰੀ ਅਰਜੁਨ ਦੇਵ, ਜੇ.ਈ. ਨਗਰ ਕੌਂਸਲ, ਸੰਗਰੂਰ ਹਾਜ਼ਰ ਹੋਇਆ। ਉਸ ਵਲੋਂ ਪੱਤਰ ਮਿਤੀ 24-2-2019 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਕਾਪੀ ਅਪੀਲਕਰਤਾ ਨੂੰ ਕੀਤੀ ਗਈ ਹੈ। ਇਹ ਪੱਤਰ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਰਜਿਸਟਰਡ ਪੱਤਰ ਰਾਹੀਂ ਅਪੀਲਕਰਤਾ ਨੂੰ ਵੀ ਭੇਜ਼ ਦਿੱਤੀ ਗਈ ਹੈ। ਇਸ ਪੱਤਰ ਰਾਹੀਂ ਦਸਿਆ ਗਿਆ ਹੈ ਕਿ ਅਪੀਲਕਰਤਾ ਨੂੰ ਪੱਤਰ ਨੰ: 473/ਏ.ਐਮ.ਈ. ਮਿਤੀ 13-5-2019 ਰਾਹੀਂ ਪਹਿਲਾਂ ਹੀ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਇਸਦਾ ਸਬੰਧ ਥਰਡ ਪਾਰਟੀ ਨਾਲ ਹੈ। ਇਸ ਲਈ ਇਹ ਸੂਚਨਾ ਅਪੀਲਕਰਤਾ ਨੂੰ ਨਹੀਂ ਦਿਤੀ ਜਾ ਸਕਦੀ। ਇਸ ਕੇਸ ਵਿਚ ਉੱਤਰਦਾਤਾ ਵਲੋਂ ਪੇਸ਼ੀ ਸਮੇ ਹਾਜਰ ਨਾ ਹੋਣ ਕਾਰਨ ਇਹ ਕੇਸ ਅਗਲੀ ਮਿਤੀ 16-3-2020 ਨਿਸਚਿਤ ਕੀਤੀ ਜਾ ਰਿਹਾ ਸੀ। ਪਰ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਪੱਤਰ ਅਨੁਸਾਰ ਅਪੀਲਕਰਤਾ ਨੂੰ ਪਹਿਲਾਂ ਹੀ ਉਕੱਤ ਪੱਤਰ ਮਿਤੀ 13-5-2019 ਰਾਹੀਂ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਇਸਦਾ ਸਬੰਧ ਥਰਡ ਪਾਰਟੀ ਨਾਲ ਹੈ। ਇਸਦੀ ਕਾਪੀ ਅੱਜ ਵੀ ਪੱਤਰ ਮਿਤੀ 24-2-2020 ਰਾਹੀਂ ਅਪੀਲਕਰਤਾ ਨੂੰ ਮੁੜ ਰਜਿਸਟਰਡ ਲੈਟਰ ਰਾਹੀਂ ਭੇਜ਼ ਦਿੱਤੀ ਗਈ ਹੈ, ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 24 ਫਰਵਰੀ, 2020.

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਦਲਬਾਰਾ ਸਿੰਘ ਪੁੱਤਰ ਸ੍ਰੀ ਉਜਾਗਰ ਸਿੰਘ,
ਗੁਰਦੇਵ ਨਗਰ ਕਲੋਨੀ, ਨੇੜੇ ਪਾਰਕ, ਧੂਰੀ ਜ਼ਿਲ੍ਹਾ ਸੰਗਰੂਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਐਨ.ਸੀ., ਸੁਨਾਮ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਡਾਇਰੈਕਟਰ ਲੋਕਲ ਬਾਡੀਜ਼ ਵਿਭਾਗ, ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ: 4434 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂ ਸ੍ਰੀ ਦਲਬਾਰਾ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਅਵਤਾਰ ਸਿੰਘ, ਅਕਾਉਂਟੈਂਟ, 9815066697 ਅਤੇ ਕਮਲਦੀਪ ਕਲਰਕ 9988564764

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 22-5-2019, ਲੋਕ ਸੂਚਨਾ ਅਧਿਕਾਰੀ ਐਨ.ਸੀ., ਸੁਨਾਮ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ 2016-17 ਦੀ ਪੀ.ਐਫ. ਲੈਜਰ ਦੀ ਕਾਪੀ, ਗ੍ਰੈਚੂਟੀ, ਲੀਵ ਇੰਨਕੈਸਮੈਂਟ, ਪੀ.ਐਫ. ਦੀ ਬਣਦੀ ਰਕਮ ਕੁਲ ਅਤੇ ਅਦਾ ਕੀਤੀ ਗਈ ਰਕਮ ਦੀ ਡਿਟੇਲ ਅਤੇ ਅਨੈਕਸਚਰ ਬੀ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-8-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 29-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਸ੍ਰੀ ਦਲਬਾਰਾ ਸਿੰਘ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਅਜੇ ਤੱਕ ਨਹੀਂ ਦਿੱਤੀ ਗਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਅਵਤਾਰ ਸਿੰਘ, ਅਕਾਉਂਟੈਂਟ, ਅਤੇ ਕਮਲਦੀਪ ਕਲਰਕ ਹਾਜ਼ਰ ਹੋਏ, ਉਨ੍ਹਾਂ ਵਲੋਂ ਪੱਤਰ ਨ: ਪੈਨ ਸੈਲ-ਡਡਸਸ-19/747 ਮਿਤੀ 6-11-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਨਗਰ ਕੋਸਲ ਸੁਨਾਮ ਨੂੰ ਸੂਚਨਾ ਦੇਣ ਲਈ ਲਿਖਦੇ ਹੋਏ ਅਪੀਲਕਰਤਾ ਨੂੰ ਕਾਪੀ ਭੇਜੀ ਗਈ ਸੀ। ਇਸ ਦੇ ਨਾਲ ਹੀ ਪੱਤਰ ਨੰ: 15 ਮਿਤੀ 7-5-2018 ਪੇਸ਼ ਕੀਤਾ ਗਿਆ । ਪੱਤਰ ਮਿਸਲ ਤੇ ਰੱਖ ਲਏ ਗਏ ਹਨ। ਇਸ ਦੇ ਨਾਲ ਹੀ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਦਾਇਰ ਕੀਤੇ ਗਏ ਕੋਰਟ ਕੇਸ ਵਿਚ ਸਪੀਕਿੰਗ ਆਰਡਰ ਜ਼ਾਰੀ ਕਰਦੇ ਹੋਏ ਉਸ ਵਲੋਂ ਮੰਗੀ ਗਈ ਸੂਚਨਾ ਦੇ ਦਿੱਤੀ ਗਈ ਸੀ।

4. ਅਪੀਲਕਰਤਾ ਵਲੋਂ ਆਪਣੀ ਆਰ.ਟੀ.ਆਈ. ਅਰਜੀ ਵਿਚ ਗ੍ਰੈਚੂਟੀ, ਲੀਵ ਇੰਕੈਸਮੈਂਟ ਅਤੇ ਪੀ.ਐਫ. ਦੀ ਬਣਦੀ ਰਕਮ ਦੇ ਨਾਲ ਨਾਲ ਕੀਤੀ ਗਈ ਅਦਾਇਗੀ ਦੀ ਜਾਣਕਾਰੀ ਮੰਗੀ ਗਈ ਸੀ। ਅਪੀਲਕਰਤਾ ਵਲੋਂ ਦਾਇਰ ਕੀਤੇ ਗਏ ਕੋਰਟ ਕੇਸ ਵਿਚ ਉੱਤਰਦਾਤਾ ਵਲੋਂ ਜ਼ਾਰੀ ਕੀਤੇ ਗਏ ਸਪੀਕਿੰਗ ਆਰਡਰ ਮਿਤੀ 7-5-2018 ਵਿਚ ਅਪੀਲਕਰਤਾ ਵਲੋਂ ਮੰਗੀ ਗਈ ਸਾਰੀ ਸੂਚਨਾ ਦੇ ਦਿੱਤੀ ਗਈ ਸੀ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 24 ਫਰਵਰੀ, 2020.**

**STATE INFORMATION PUNJAB COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਹਰਬੰਸ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, 9592133456
ਪੱਤੀ ਚਾਹਲਾਂ, ਪਿੰਡ ਅਤੇ ਡਾਕਖਾਨਾ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਐਸ.ਐਸ.ਪੀ., ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਆਈ.ਜੀ.ਪੀ. ਜ਼ੋਨ 1, ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ:4436 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਹਰਬੰਸ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਕੁਲਦੀਪ ਸਿੰਘ ਏ.ਐਸ.ਆਈ.(8054601113)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-8-2019, ਲੋਕ ਸੂਚਨਾ ਅਧਿਕਾਰੀ ਐਸ.ਐਸ.ਪੀ., ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਸ.ਐਸ.ਪੀ. ਸੰਗਰੂਰ ਤੋ ਹੈਰੀਟੇਜ਼ ਪਬਲਿਕ ਸਕੂਲ ਦੇ ਸਟਾਫ ਵਲੋਂ ਮਿਤੀ 12-4-2019 ਅਤੇ 18-4-2019 ਨੂੰ ਉਸਦੇ ਖਿਲਾਫ ਕੀਤੀਆਂ ਕੰਪਲੇਟਾਂ ਦੀਆਂ ਕਾਪੀਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-9-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 29-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਹਰਬੰਸ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਨਹੀਂ ਦਿੱਤੀ ਗਈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਕੁਲਦੀਪ ਸਿੰਘ ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨ: 8 ਆਰ.ਟੀ.ਆਈ. ਮਿਤੀ 22-2-2020 ਪੇਸ਼ ਕੀਤਾ ਗਿਆ, ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀਆਂ ਗਈਆਂ ਦਰਖਾਸਤਾਂ ਸਬੰਧੀ ਕਾਰਵਾਈ ਮੁਕੰਮਲ ਨਾ ਹੋਣ ਬਾਰੇ ਜਾਣੂ ਕਰਵਾਇਆ ਜਾ ਚੁੱਕਾ ਹੈ। ਇਸ ਤਰ੍ਹਾਂ ਉਸ ਦੀਆਂ ਦਰਖਾਸਤਾਂ ਤੇ ਕਾਰਵਾਈ ਪੈਡਿੰਗ ਹੈ। ਪਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਪੀਲਕਰਤਾ ਨੂੰ ਉਸਦੀਆਂ ਦਰਖਾਸਤਾਂ ਇਸ ਲਈ ਨਹੀਂ ਦਿੱਤੀਆਂ ਜਾ ਰਹੀਆਂ ਕਿਉਂਜੋ ਉਸਦੀਆਂ ਦਰਖਾਸਤਾਂ ਤੇ ਕਾਰਵਾਈ ਪੈਡਿੰਗ ਹੈ। ਜਦੋਂ ਕਿ ਅਪੀਲਕਰਤਾ ਵਲੋਂ ਆਰ.ਟੀ.ਆਈ. ਅਰਜੀ ਰਾਹੀਂ ਉਸ ਵਿਰੁੱਧ ਅਮਨਦੀਪ ਕੌਰ ਅਤੇ ਅੰਜੂ ਸਚਦੇਵਾ ਅਤੇ ਸਟਾਫ ਵਲੋਂ 12-4-2019 ਅਤੇ 18-4-2019 ਦੋਰਾਨ ਕੀਤੀਆਂ ਗਈਆਂ ਸਿਕਾਇਤਾਂ ਦੀ ਕਾਪੀ ਦੀ ਮੰਗ ਕੀਤੀ ਗਈ ਹੈ। ਮਹਿਕਮੇ ਵਲੋਂ ਇਨ੍ਹਾਂ ਸ਼ਿਕਾਇਤਾਂ ਤੇ ਕਾਰਵਾਈ ਪੈਡਿੰਗ ਹੋਣ ਕਾਰਨ ਸ਼ਿਕਾਇਤਾਂ ਦੀ ਕਾਪੀ ਨਹੀਂ ਦਿੱਤੀ ਜਾ ਰਹੀ। ਕਿਉਂਜੋ ਅਪੀਲਕਰਤਾ ਵਲੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਕਾਪੀ ਮੰਗੀ ਗਈ ਹੈ ਨਾਂ ਕਿ ਕਾਰਵਾਈ ਰਿਪੋਰਟ। ਇਸ ਲਈ ਐਸ.ਐਸ.ਪੀ. ਸੰਗਰੂਰ ਨੂੰ ਹਦਾਇਤ ਕੀਤੀ ਜਾਂਦੀ ਹੈ, ਡੀ.ਐਸ.ਪੀ. ਭਵਾਨੀਗੜ੍ਹ ਪਾਸੋਂ ਸ਼ਿਕਾਇਤਾਂ ਦੀ ਕਾਪੀ ਪ੍ਰਾਪਤ ਕਰਕੇ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਸ਼ਿਕਾਇਤਾਂ ਦੀਆਂ ਕਾਪੀਆਂ ਅਪੀਲਕਰਤਾ ਨੂੰ ਦਿੱਤੀਆਂ ਜਾਣ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 24 ਫਰਵਰੀ, 2020.**